ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਸੰਗਤਾਂ ਦੇ ਲਈ ਹਰ ਪਲ ਖੁੱਲ੍ਹੇ ਹਨ -ਮੁੱਖ ਸਕੱਤਰ ਡਾ. ਰੂਪ ਸਿੰਘ

ਅੰਮ੍ਰਿਤਸਰ/ ਮਵਦੀਲਾ ਬਿਊਰੋ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਸੰਗਤਾਂ ਦੇ ਲਈ ਹਰ ਪਲ ਖੁੱਲ੍ਹੇ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ ਆਉਣ ਵਾਲੀ ਸੰਗਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੋਈ ਰੋਕ ਨਹੀਂ ਹੈ। ਗੁਰੂ ਘਰ ਦੇ ਦਰਵਾਜ਼ੇ ਸਭ ਸੰਗਤਾਂ ਲਈ ਹਮੇਸ਼ਾ ਖੁੱਲ੍ਹੇ ਰਹਿੰਦੇ ਹਨ।

ਉਨ੍ਹਾਂ ਕਿਹਾ ਕਿ ਕੁੱਝ ਪੱਤਰਕਾਰਾ ਵੱਲੋਂ ਚੈਨਲਾ ਅਤੇ ਸ਼ੋਸਲ ਮੀਡੀਏ ਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ 'ਤੇ ਰੋਕ ਲਗਾਏ ਜਾਣ ਸਬੰਧੀ ਗਲਤ ਖ਼ਬਰਾਂ ਪ੍ਰਸ਼ਾਰਿਤ ਕੀਤੀਆ ਜਾ ਰਹੀਆਂ ਹਨ। ਉਨ੍ਹਾਂ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਸਿਹਤ ਵਿਭਾਗ ਅਤੇ ਪ੍ਰਸਾਸ਼ਨ ਦੇ ਨਿਰਦੇਸ਼ਾਂ ਦਾ ਪਾਲਣ ਕੀਤਾ ਜਾ ਰਿਹਾ ਹੈ। ਅੰਦਰ ਜਾਣ ਵੇਲੇ ਸਭ ਦੇ ਹੱਥ ਸੈਨੇਟਾਈਜ਼ ਕਰਵਾਏ ਜਾ ਰਹੇ ਹਨ ਤੇ ਲੰਗਰ ਵਿਚ ਪੂਰੀ ਇਹਿਤਿਆਤ ਵਰਤੀ ਜਾ ਰਹੀ ਹੈ। ਸਾਰੀ ਸੰਗਤ ਨੂੰ ਕੋਰੋਨਾ ਤੋਂ ਬਚਾਉ ਸਬੰਧੀ ਸੁਚੇਤ ਵੀ ਕੀਤਾ ਜਾ ਰਿਹਾ ਹੈ।

ਪੰਜਾਬ ਸਰਕਾਰ ਦੇ ਕੀਤੇ ਗਏ ਫ਼ੈਸਲੇ ਅਨੁਸਾਰ ਪੰਜਾਬ 'ਚ 14 ਅਪ੍ਰੈਲ ਤਕ ਜਾਰੀ ਰਹੇਗਾ ਕਰਫ਼ਿਊ

ਚੰਡੀਗੜ੍ਹ/ ਬਿਓਰੋ

ਪੰਜਾਬ ਸਰਕਾਰ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਬਨਿਟ ਦੇ ਛੇ ਵੱਖ-ਵੱਖ ਮੰਤਰੀਆਂ ਨਾਲ ਵੀਡੀਓ ਕਾਨਫਰੰਸਿੰਗ ਦੇ ਜ਼ਰੀਏ ਮੀਟਿੰਗ ਕਰਨ ਤੋਂ ਬਾਅਦ ਕੋਰੋਨਾ ਵਾਇਰਸ ਦੀ ਮਹਾਮਾਰੀ ਨਾਲ ਨਜਿੱਠਣ ਲਈ ਪੰਜਾਬ ਵਿੱਚ ਕਰਫ਼ਿਊ 14 ਅਪ੍ਰੈਲ 2020 ਤਕ ਜਾਰੀ ਰੱਖਣ ਦਾ ਫ਼ੈਸਲਾ ਲਿਆ ਹੈ।

ਕੇਂਦਰ ਸਰਕਾਰ ਵੱਲੋਂ ਪੂਰੇ ਭਾਰਤ ਵਿੱਚ 21 ਦਿਨਾਂ ਦੇ ਲਾਕਡਾਊਨ ਦਾ ਐਲਾਨ ਕੀਤਾ ਗਿਆ ਹੈ ਜੋ ਕਿ 14 ਅਪ੍ਰੈਲ ਤਕ ਬਣਦੀ ਹੈ ਇਸ ਦੇ ਮੱਦੇਨਜ਼ਰ ਹੀ ਪੰਜਾਬ ਸਰਕਾਰ ਨੇ ਪੰਜਾਬ ਵਿੱਚ ਵੀ 14 ਅਪ੍ਰੈਲ ਤਕ ਲਾਕਡਾਊਨ ਦਾ ਐਲਾਨ ਕਰ ਦਿੱਤਾ ਹੈ। ਕੋਰੋਨਾ ਵਾਇਰਸ ਦੇ ਬਚਾਅ ਲਈ ਪੰਜਾਬ ਸਰਕਾਰ ਨੇ ਪਹਿਲਾਂ 31 ਮਾਰਚ ਤਕ ਪੂਰੇ ਪੰਜਾਬ 'ਚ ਕਰਫ਼ਿਊ ਲਾਉਣ ਦੇ ਹੁਕਮ ਦਿੱਤੇ ਸਨ ਜੋ ਕਿ ਹੁਣ ਵਧਾ ਕੇ 14 ਅਪ੍ਰੈਲ ਤਕ ਕਰ ਦਿੱਤੇ ਹਨ।

ਪ੍ਰੈਸ ਸੰਘਰਸ਼ ਜਰਨਲਿਸਟ ਐਸੋਸੀਏਸ਼ਨ ਹਮੇਸ਼ਾਂ ਪੱਤਰਕਾਰ ਭਾਈਚਾਰੇ ਨਾਲ ਖੜ੍ਹੀ ਹੈ

ਭਿੱਖੀਵਿੰਡ / ਜਗਜੀਤ ਸਿੰਘ ਡੱਲ, ਹਰਮੀਤ ਸਿੰਘ ਭੁੱਲਰ

ਲੋਕਤੰਤਰ ਦੇ ਚੌਥੇ ਸਤੰਭ ਮੀਡੀਆ ਦੇ ਖੇਤਰ ਵਿੱਚ ਕੰਮ ਕਰਨ ਵਾਲੇ ਪੱਤਰਕਾਰ ਸਾਥੀਆਂ ਨੂੰ ਫੀਲਡ ਵਿੱਚ ਆਉਦੀਆਂ ਮੁਸ਼ਕਿਲਾਂ ਦੇ ਹੱਲ ਅਤੇ ਪੱਤਰਕਾਰਾਂ ਦੇ ਹਿੱਤਾਂ ਅਤੇ ਹੱਕਾਂ ਦੀ ਰਖਵਾਲੀ ਲਈ ਹਮੇਸ਼ਾ ਤਤਪਰ ਹਾਂ। ਇਹ ਵਿਚਾਰ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਜਨਮ ਅਸਥਾਨ ਗੁਰਦੁਆਰਾ ਸਾਹਿਬ ਪਹੂਵਿੰਡ ਵਿਖੇ ਰੱਖੀ ਮੀਟਿੰਗ ਦੌਰਾਨ ਪ੍ਰੈੱਸ ਸੰਘਰਸ਼ ਜਰਨਲਿਸਟ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਹਰਪ੍ਰੀਤ ਸਿੰਘ ਸਿੰਦਬਾਦ ਨੇ ਸਰਕਲ ਭਿੱਖੀਵਿੰਡ ਦੀ ਵਿਸ਼ੇਸ਼ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।

ਇਸ ਮੌਕੇ 'ਤੇ ਉਨ੍ਹਾਂ ਨਾਲ ਜਨਰਲ ਸਕੱਤਰ ਅਵਤਾਰ ਸਿੰਘ, ਐਡਵਾਈਜਰ ਨਿੱਤਨ ਜੋਸ਼ੀ, ਮੀਤ ਪ੍ਰਧਾਨ ਕੁਲਦੀਪ ਸਿੰਘ, ਪ੍ਰੈੱਸ ਸਕੱਤਰ ਇੰਦਰਜੀਤ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਭਿੱਖੀਵਿੰਡ ਸਰਕਲ ਤੋਂ ਪ੍ਰਧਾਨ ਸਵਿੰਦਰ ਸਿੰਘ ਬਲੇਹਰ, ਹਰਪਾਲ ਸਿੰਘ ਪੂਹਲਾ, ਅਮਨ ਸ਼ਰਮਾ, ਦਾਰਾ ਡੱਲ, ਗੁਰਪ੍ਰੀਤ ਸਿੰਘ ਗੋਲਾ, ਮਨਜੀਤ ਸਿੰਘ, ਹਰਜਿੰਦਰ ਸੰਧੂ ਪੱਟੀ, ਰਾਜੇਸ਼ ਸ਼ਰਮਾ, ਜਗਜੀਤ ਸਿੰਘ ਡੱਲ, ਲਖਬੀਰ ਸਿੱਧੂ, ਹਰਮੀਤ ਭਿੱਖੀਵਿੰਡ,ਰਣਯੋਧ ਸਿੰਘ ਆਦਿ ਨੇ ਵੀ ਮੀਟਿੰਗ ਵਿੱਚ ਪਹੁੰਚੇ ਜ਼ਿਲ੍ਹਾ ਬਾਡੀ ਦੇ ਅਹੁਦੇਦਾਰਾਂ ਨੂੰ ਜੀ ਆਇਆ ਕਿਹਾ ਅਤੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ।

ਭਿੱਖੀਵਿੰਡ ਸਰਕਲ ਪ੍ਰਧਾਨ ਸਵਿੰਦਰ ਸਿੰਘ ਬਲੇਹਰ ਨੇ ਕਿਹਾ ਕਿ ਐਸੋਸੀਏਸ਼ਨ ਦੀ ਕਾਮਯਾਬੀ ਲਈ ਹੋਰ ਪੱਤਰਕਾਰ ਸਾਥੀਆਂ ਨੂੰ ਵੀ ਸੱਦਾ ਦਿੰਦੇ ਹਨ ਤਾਂ ਜੋ ਭਿੱਖੀਵਿੰਡ ਅਤੇ ਆਸ ਪਾਸ ਇਲਾਕੇ ਦੇ ਪੱਤਰਕਾਰ ਸਾਥੀ ਇਕਮੁੱਠ ਹੋਣ ਤਾਂ ਜੋ ਐਸੋਸੀਏਸ਼ਨ ਲਈ ਹੋਰ ਵੀ ਵੱਧ ਚੜਕੇ ਕੰਮ ਕੀਤੇ ਜਾ ਸਕਣ। ਮੀਟਿੰਗ ਤੋਂ ਬਾਅਦ ਜ਼ਿਲ੍ਹਾ ਪ੍ਰਧਾਨ ਹਰਪ੍ਰੀਤ ਸਿੰਘ ਸਿੰਦਬਾਦ ਨੇ ਪਹੁੰਚੇ ਸਮੂਹ ਪੱਤਰਕਾਰ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਨਵੇਂ ਸਾਲ ਦੀ ਰਜਿਸ਼ਟ੍ਰੇਸ਼ਨ ਲਈ ਅਖਬਾਰ ਚੈੱਨਲ ਦੀ ਅਥਾਰਟੀ ਲੈਟਰ, ਆਧਾਰ ਕਾਰਡ ਦੀਆਂ ਫੋਟੋ ਕਾਪੀਆਂ ਅਤੇ ਤਿੰਨ ਰੰਗਦਾਰ ਫੋਟੋਆਂ ਭਿੱਖੀਵਿੰਡ ਜਾਂ ਤਰਨਤਾਰਨ ਦਫਤਰ ਵਿਖੇ ਇੱਕ ਹਫਤੇ ਅੰਦਰ ਪਹੁੰਚਾਉਣ ਲਈ ਕਿਹਾ।

Bombay Bhel restaurant®
2525 Hampshire Gate
(Dundas and Winston Churchill)
Oakville, Ontario. L6H 6CB
905.829.1040
www.bombaybhelrestaurant.com

21ਵੀ ਸਦੀ ਚ ਵੀ ਵਸਤੂ ਵਾਂਗ ਵੇਚੀ ਵੱਟੀ ਜਾਂਦੀ ਔਰਤ ਦੇ ਬਹੁਪਰਤੀ ਦੁਖਾਂਤ ਦੀ ਸਫ਼ਲ ਪੇਸ਼ਕਾਰੀ ਨਾਟਕ 'ਝਨਾਂ ਦਾ ਪਾਣੀ'

ਫ਼ਰੀਦਕੋਟ/ ਸੁਰਿੰਦਰ ਮਚਾਕੀ

ਫ਼ਿਰਦੌਸ ਰੰਗ ਮੰਚ ਫ਼ਰੀਦਕੋਟ ਵਲੋ ਕਰਵਾਏ ਜਾ ਰਹੇ ਨਾਟਕ ਮੇਲੇ ਦੇ ਤੀਜੇ ਦਿਨ ਦੀ ਵਿਸ਼ੇਸ਼ ਪੇਸ਼ਕਾਰੀ ਪ੍ਰੋ ਅਜਮੇਰ ਔਲਖ ਦਾ ਲਿਖਿਆ ਤੇ ਚੰਡੀਗੜ੍ਹ ਸਕੂਲ ਆਫ ਡਰਾਮਾ ਦੇ ਨਿਰਦੇਸ਼ਕ ਇਕੱਤਰ ਸਿੰਘ ਦੀ ਨਿਰਦੇਸ਼ਨਾ ਚ ਖੇਡਿਆ ਨਾਟਕ' ਝਨਾਂ ਦਾ ਪਾਣੀ ਰਿਹਾ ।

ਦੇਵੀਆਂ ਪੂਜਣ ਵਾਲੇ ਸਮਾਜ ਚ ਉਸ ਔਰਤ ਜਿਸਨੂੰ ਜੱਗ ਜਣਨੀ ਕਿਹਾ ਜਾਂਦਾ ਹੈ ਤੇ ਜਿਸ ਦੇ ਹੱਕ 'ਚ ਜਿੰਨ ਜੰਮੇ ਰਾਜਨ ਕਹਿਕੇ ਨਾ ਨਿੰਦਣ ਦਾ ਹੋਕਾ 15ਵੀ ਸਦੀ ਵਿੱਚ ਦਿੱਤਾ ਗਿਆ ਸੀ ਅੱਜ 21 ਵੀ ਸਦੀ ਵਿੱਚ ਵੀ ਵੇਚਣ ਵੱਟਣ ਵਾਲੀ ਸ਼ੈਅ ਸਮਝਿਆ ਜਾਣਿਆ ਜਾਂਦਾ ਹੈ। ਗੰਗਾ ਦੇਵੀ ਉਰਫ਼ ਗੰਗੀ ਤੋ ਬਣੀ ਜਾਂ ਇਓਂ ਕਹਿ ਲਈਏ ਕਿ ਬਣਾਈ ਹਰਬੰਸ ਕੁਰ ਦੀ ਕਹਾਣੀ ਇਕ ਗੰਗਾ ਦੀ ਹੀ ਨਹੀ ਅਣਗਿਣਤ ਗੰਗਾ ਤੋ ਬਣਾਈਆਂ ਹਰਬੰਸ ਕੁਰਾਂ ਦੀ ਬਹੁ ਤ੍ਰਾਸਦਿਕ ਕਹਾਣੀ ਹੈ ਜਿਨ੍ਹਾਂ ਨੂੰ ਗੁਰਬਤ ਦੇ ਮਾਰੇ ਮਾਪਿਆਂ ਵਲੋ ਜ਼ਮੀਨੋ ਥੁੜ੍ਹੇ ਭਗਤੀ ਜਾਂ ਭਗਤੀ ਵਰਗਿਆਂ ਦੇ ਘਰ ਦਾ ਚੁੱਲ੍ਹਾ ਬਾਲਣ ਜਾਂ ਫਿਰ ਉਨ੍ਹਾਂ ਦੀ ਜੜ੍ਹ ਲਾਉਣ ਲਈ, ਨੂੰ ਵੇਚਿਆ ਜਾਂਦਾ ਹੈ । ਕਈ ਵਾਰ ਤਾਂ ਇਹ ਥੁੜ੍ਹ ਅਗੇ ਤੋ ਅਗੇ ਵੇਚ ਵਟ ਦਾ ਕਿੰਨੇ ਹੀ ਨੌਰੰਗਿਆਂ ਦਾ ਧੰਦਾ ਬਣਦੀ ਹੈ। ਕਦੇ ਜੂਐ ਚ ਵਸਤੂ ਵਜੋ ਹਾਰੀ ਵਾਲੀ ਔਰਤ। ਵਸਤੂ ਜਿਆਦਾਤਰ ਅੱਜ ਵੀ ਵਸਤੂ ਹੀ ਸਮਝੀ ਜਾਂਦੀ ਹੈ ਉਹ ਵਸਤੂ ਜਿਸਦੀ ਮਰਜੀ ਹੁੰਦਿਆ ਵੀ ਕੋਈ ਮਰਜੀ ਨਹੀ ਜਿਹੜੀ ਜ਼ੁਬਾਨ ਹੁੰਦਿਆ ਵੀ ਬੋਲ ਨਹੀ ਸਕਦੀ।

ਗੰਗੀ ਤੋ ਬਣੀ ਹਰਬੰਸ ਕੁਰ ਸਾੜ੍ਹੀ ਨਾਲ ਕਮੀਜ਼ ਸਲਵਾਰ ਹੀ ਨਹੀ ਅਪਨਾਉਦੀ ਸਗੋ ਇਕ ਸਭਿਆਚਾਰ ਛੱਡ ਦੂਜਾ ਸਭਿਆਚਾਰ ਤੇ ਰਹੁ ਰੀਤਾਂ ਵੀ ਚਾਹੇ ਅਣਚਾਹੇ ਅਪਨਾਉਦੀ ਹੈ । ਆਪਣੀ ਹੋਂਦ ਆਪਣਾ ਘਰ ਤੇ ਆਪਣੀ ਜੜ੍ਹ ਲਈ ਸਹਿਕਦੀ ਔਰਤ ਦੀ ਜੇ ਇਹ ਤਰਾਸਦੀ ਹੈ ਤਾਂ ਖੋਰਾ ਦਰ ਖੁਰਦੀ ਆ ਰਹੀ ਕਿਸਾਨੀ ਦੀ ਵੀ ਤ੍ਰਾਸਦੀ ਹੈ ਜਿਸਦੇ ਸਿਆੜਾਂ ਤੋ ਥੁੜ੍ਹਿਆਂ ਨੂੰ ਸਰੀਰਕ ਤੇ ਸਮਾਜਿਕ ਲੋੜਾਂ ਦੀ ਪੂਰਤੀ ਲਈ ਤੇ ਵੰਸ਼ ਤੋਰਨ ਜਾਂ ਜੜ੍ਹ ਲਾਉਣ ਲਈ ਮੁੱਲ ਦੀ ਤੀਵੀਂ ਜਾਂ ਫ਼ਿਰ ਕੁਦੇਸਣ ਲਿਆਉਣ ਦਾ ਹੂਲਾ ਫੱਕਣਾ ਪੈਦਾ ਹੈ। ਸਮਾਜਕ ਕੁਰੀਤੀਆਂ ਤੇ ਪਿਤਾਪੁਰਖੀ ਸੱਤਾ ਦਾਬੇ ਚ ਉਪਜੀ ਤੇ ਵਧ ਫੁੱਲ ਰਹੀ ਭਰੂਣ ਹੱਤਿਆ ਕਾਰਨ ਵਿਗੜ ਰਹੇ ਜਿਨਸੀ ਤਵਾਜਨ ਦੇ ਰੁਝਾਨ ਨਾਲ ਜੁੜੇ ਇਕ ਹੋਰ ਪੱਖ ਦਾ ਦੁਖਾਂਤਕ ਅਸਰ ਹਰਿਆਣਾ ਤੇ ਪੰਜਾਬ ਦੇ ਕਈ ਹਿਸਿਆ ਸਮੇਤ ਹੋਰ ਵੀ ਕਈ ਜਗ੍ਹਾ ਵੱਟੇ / ਮੁੱਲ ਦੇ ਸਾਕ ਸਮੇਤ ਮੁੱਲ ਦੀ ਤੀਵੀਂ ਲਿਆਉਣ ਦਾ ਰਿਵਾਜ ਹੈ।

ਜਦੋ ਪਾਣੀ ਸਿਰੋਂ ਲੰਘਦਾ ਦਿਸੇ ਤਾਂ ਫਿਰ ਗੰਗੀ ਉਰਫ਼ ਹਰਬੰਸ ਕੁਰ ਚੰਡੀ ਵੀ ਬਣ ਸਕਦੀ ਹੈ ਜਿਵੇ ਇਸ ਨਾਟਕ ਚ ਬਣੀ। ਔਲਖ ਦੇ ਨਾਟਕ ਇਕ ਰਮਾਇਣ ਹੋਰ ਦੀ ਨਾਇਕਾ ਤੇ ਝਨਾਂ ਦੇ ਪਾਣੀ ਦੀ ਨਾਇਕਾ ਚ ਇਹ ਤਬਦੀਲੀ ਪ੍ਰਸਥਿਤੀਆਂ ਨਾਲ ਸਮਝੌਤੇ ਤੋ ਪ੍ਰਸਥਿਤੀਆਂ ਨਾਲ ਲੜਨ ਤੇ ਇਸ ਨੂੰ ਬਦਲਣ ਵਲ ਨਾਟਕਕਾਰ ਦੀ ਸਮਝ ਸੂਝ ਦਾ ਵਿਕਾਸ ਹਾਂ ਪੱਖੀ ਸੁਨੇਹਾ ਸਮਝਿਆ ਜਾ ਸਕਦਾ ਹੈ।

ਹਾਲਾਂਕਿ ਮੰਦਬੁੱਧੀ ਦਰਸ਼ਨ ਕੁੱਝ ਸੰਵਾਦ ਅਤਿ ਕਥਨੀ ਤੇ ਅਣ ਵਿਹਾਰਕ ਵੀ ਜਾਪਦੇ ਹਨ । ਇਕ ਸੀਨ ਤੋ ਦੂਜੇ ਸੀਨ ਵਿਚਕਾਰਲੀ ਵਿੱਥ ਕਾਰਨ ਮੰਚ ਖਾਲ੍ਹੀ ਰਹਿਣਾ ਅੱਖੜਦਾ ਪਰ ਕਈ ਸੀਨ ਕਾਫੀ ਭਾਵੁਕ ਕਰਨ ਵਾਲੇ ਸਨ ਜਿਨ੍ਹਾਂ ਨੇ ਦਰਸ਼ਕਾਂ ਦੀ ਅੱਖਾਂ ਵੀ ਨਮ ਕੀਤੀਆਂ।

ਜਮੀਨ ਦੇ ਟੁੱਕੜੇ ਲਈ ਭਰਾ ਨੇ ਹੀ ਭਰਾ ਨੂੰ ਮਾਰੀਆਂ ਗੋਲੀਆਂ

ਤਰਨ ਤਾਰਨ / ਜਗਜੀਤ ਸਿੰਘ ਡੱਲ

ਜ਼ਿਲ੍ਹਾ ਤਰਨ ਤਾਰਨ ਦੇ ਅਧੀਨ ਪੈਂਦੇ ਪਿੰਡ ਬਾਕੀਪੁਰ ਵਿਖੇ ਉਸ ਸਮੇਂ ਖ਼ੌਫ਼ ਦਾ ਮਾਹੌਲ ਫੈਲ ਗਿਆ ਜਦੋਂ ਜ਼ਮੀਨ ਦੇ ਟੁਕੜੇ ਲਈ ਭਰਾ ਨੇ ਹੀ ਭਰਾ ਨੂੰ ਗੋਲੀਆਂ ਨਾਲ ਭੁੰਨ ਕੇ ਮੌਤ ਦੇ ਘਾਟ ਉਤਾਰ ਦਿੱਤਾ।

ਦੱਸਿਆ ਜਾਂਦਾ ਹੈ ਕਿ ਮ੍ਰਿਤਕ ਬਲਦੇਵ ਸਿੰਘ ਦੀ ਹੱਤਿਆ ਦੇ ਵਿੱਚ ਮ੍ਰਿਤਕ ਦਾ ਪਿਓ, ਭਰਾ, ਭਤੀਜੇ ਅਤੇ ਮਾਂ ਵੀ ਸ਼ਾਮਿਲ ਹੈ।

ਇਸ ਮੌਕੇ ਜਾਣਕਾਰੀ ਦਿੰਦਿਆਂ ਮ੍ਰਿਤਕ ਬਲਦੇਵ ਸਿੰਘ ਦੀ ਘਰ ਵਾਲੀ ਪਲਵਿੰਦਰ ਕੌਰ ਨੇ ਦੱਸਿਆ ਕਿ ਜ਼ਮੀਨ ਦੀ ਵੰਡ ਨੂੰ ਲੈ ਕੇ ਬਲਦੇਵ ਸਿੰਘ ਦਾ ਵਿਵਾਦ ਉਸ ਦੇ ਭਰਾ ਸੁਖਦੇਵ ਸਿੰਘ ਨਾਲ ਚੱਲ ਰਿਹਾ ਸੀ ਅਤੇ ਸੁਖਦੇਵ ਸਿੰਘ ਨੇ ਉਨ੍ਹਾਂ ਦੀ ਜ਼ਮੀਨ ਧੱਕੇ ਨਾਲ ਹੜੱਪ ਲਈ ਸੀ ਅਤੇ ਉਸ ਦਾ ਪਿਉ ਜਗਤਾਰ ਸਿੰਘ ਵੀ ਉਸ ਨਾਲ ਧੋਖਾ ਕਰ ਰਿਹਾ ਸੀ। ਪਲਵਿੰਦਰ ਕੌਰ ਨੂੰ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਥਾਣਾ ਸਦਰ ਤਰਨਤਾਰਨ ਦਰਖ਼ਾਸਤ ਵੀ ਦਿੱਤੀ ਹੋਈ ਸੀ। ਪਰ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ ਅਤੇ ਪੁਲਸ ਦੀ ਢਿੱਲੀ ਕਾਰਜ਼ੁਗਾਰੀ ਕਾਰਨ ਹੀ ਇਹ ਘਟਨਾ ਵਾਪਰ ਗਈ।

ਮ੍ਰਿਤਕ ਬਲਦੇਵ ਸਿੰਘ ਦੀ ਘਰਵਾਲੀ ਪਲਵਿੰਦਰ ਕੌਰ ਨੇ ਦੱਸਿਆ ਕਿ ਅੱਜ ਉਹ ਸਾਰਾ ਪਰਿਵਾਰ ਘਰ ਵਿੱਚ ਸੀ ਅਤੇ ਸ਼ਾਮ ਕਰੀਬ ਚਾਰ ਵਜੇ ਬਲਦੇਵ ਸਿੰਘ ਦੇ ਭਰਾ ਸੁਖਦੇਵ ਸਿੰਘ ਉਸਦਾ ਪਿਉ ਜਗਤਾਰ ਸਿੰਘ, ਸੁਖਦੇਵ ਸਿੰਘ ਦੇ ਲੜਕੇ ਅਤੇ ਹੋਰ ਪੰਜ ਅਣਪਛਾਤੇ ਵਿਅਕਤੀਆਂ ਨੇ ਘਰ ਵਿੱਚ ਆ ਕੇ ਉਨ੍ਹਾਂ ਦੀ ਮਾਰਕੁਟਾਈ ਕਰਨੀ ਸ਼ੁਰੂ ਕਰ ਦਿੱਤੀ ਅਤੇ ਬਲਦੇਵ ਸਿੰਘ ਨੂੰ ਕੁੱਟਮਾਰ ਕਰਕੇ ਉਸ ਨੂੰ ਧੂਹ ਕੇ ਘਰੋ ਬਾਹਰ ਲੈ ਗਏ ਅਤੇ ਬਾਹਰ ਲਿਜਾ ਕੇ ਉਸ ਨੂੰ ਗੋਲੀਆਂ ਨਾਲ ਭੁੰਨ ਦਿੱਤਾ।

ਪਲਵਿੰਦਰ ਕੌਰ ਦੱਸਿਆ ਕਿ ਉਕਤ ਵਿਅਕਤੀਆਂ ਨੇ ਪਹਿਲਾਂ ਵੀ ਉਨ੍ਹਾਂ ਨੂੰ ਜਾਨੋਂ ਮਾਰਨ ਦੀਂ ਧਮਕੀਂ ਦਿੱਤੀ ਸੀ ਅਤੇ ਇਸ ਸਬੰਧੀ ਉਨ੍ਹਾਂ ਥਾਣਾ ਸਦਰ ਤਰਨ ਤਾਰਨ ਵਿੱਚ ਦਰਖਾਸਤ ਦਿੱਤੀ ਹੋਈ ਹੈ ਪਰ ਉਕਤ ਵਿਅਕਤੀਆਂ ਦੀ ਹਾਕਮ ਧਿਰ ਨਾਲ ਸਬੰਧ ਹੋਣ ਕਾਰਨ ਪੁਲਿਸ ਵੱਲੋਂ ਕਈ ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਜਿਸ ਕਾਰਨ ਅੱਜ ਉਸ ਦਾ ਪਤੀ ਮੌਤ ਦੇ ਘਾਟ ਉਤਾਰਿਆ ਗਿਆ।

ਮੌਕੇ ਤੇ ਪਹੁੰਚੇ ਥਾਣਾ ਸਦਰ ਤਰਨ ਤਾਰਨ ਦੇ ਐਸਐਚਓ ਮਨੋਜ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਦਾ ਜ਼ਮੀਨ ਦੀ ਵੰਡ ਨੂੰ ਲੈ ਕੇ ਆਪਸ ਵਿੱਚ ਪਿਓ ਪੁੱਤਰਾਂ ਦਾ ਪੁਰਾਣਾ ਝਗੜਾ ਚੱਲ ਰਿਹਾ ਸੀ ਅਤੇ ਜਿਸ ਦਾ ਤਫਤੀਸ ਕੀਤੀ ਜਾ ਰਹੀ ਹੈ। ਪਰ ਅੱਜ ਸੁਖਦੇਵ ਸਿੰਘ ਅਤੇ ਉਸ ਦੇ ਪਿਓ ਵੱਲੋਂ ਆਪਣੇ ਹੀ ਪੁੱਤਰ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਦੋਸ਼ੀਆਂ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਜਾਵੇਗਾ।

ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਪਦਮਸ੍ਰੀ ਭਾਈ ਨਿਰਮਲ ਸਿੰਘ ਖਾਲਸਾ ਗੁਰੂ ਚਰਨਾਂ ਵਿਚ ਜਾ ਬਿਰਾਜੇ

ਜਲੰਧਰ/ 2 ਅਪ੍ਰੈਲ 2020/ ਵੈੱਬ ਡੈਸਕ

ਪੰਜਾਬ ਸਰਕਾਰ ਦੇ ਵਿਸ਼ੇਸ਼ ਮੁੱਖ ਸਕੱਤਰ ਕੇ.ਬੀ.ਐੱਸ. ਸਿੱਧੂ ਵੱਲੋਂ ਟਵੀਟ ਕਰਕੇ ਦਿੱਤੀ ਗਈ ਜਾਣਕਾਰੀ ਅਨੁਸਾਰ ਬੜੀ ਦੁਖਦਾਇਕ ਖਬਰ ਪ੍ਰਾਪਤ ਹੋਈ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਪਦਮਸ੍ਰੀ ਉੱਘੇ ਕੀਰਤਨੀਏ ਭਾਈ ਨਿਰਮਲ ਸਿੰਘ ਖਾਲਸਾ (62 ਸਾਲਾ) ਅੰਮ੍ਰਿਤ ਵੇਲੇ 4.30 ਵਜੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ।

ਜਿਕਰਯੋਗ ਕਿ ਹਜ਼ੂਰੀ ਰਾਗੀ ਭਾਈ ਨਿਰਮਲ ਸਿੰਘ ਕੁਝ ਮਹੀਨੇ ਪਹਿਲਾਂ ਇੰਗਲੈਂਡ ਤੋਂ ਪਰਤੇ ਸੀ ਅਤੇ ਪਿਛਲੇ ਦਿਨੀਂ ਉਨ੍ਹਾਂ ਨੂੰ ਕੋਰੋਨਾ ਵਾਇਰਸ ਹੋਣ ਦਾ ਸ਼ੱਕ ਹੋਇਆ ਸੀ ਜਿਸ ਕਾਰਨ ਉਨ੍ਹਾਂ ਨੇ ਖੁਦ ਹੀ ਗੁਰੂ ਨਾਨਕ ਹਸਪਤਾਲ ਵਿਖੇ ਜਾ ਕੇ ਜਾਂਚ ਕਰਵਾਈ ਸੀ। ਪਹਿਲਾ ਡਾਕਟਰਾਂ ਵੱਲੋਂ ਇਹ ਕਹਿ ਕੇ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ ਗਿਆ ਕਿ ਉਨ੍ਹਾਂ ਨੂੰ ਨਾਰਮਲ ਫਲੂ ਦੇ ਲੱਛਣ ਹੀ ਹਨ ਪਰ ਕੱਲ੍ਹ ਉਨ੍ਹਾ ਨੂੰ ਇਹ ਜਾਣਕਾਰੀ ਮਿਲੀ ਹੈ ਕਿ ਭਾਈ ਨਿਰਮਲ ਸਿੰਘ ਨੂੰ ਕੋਰੋਨਾ ਵਾਈਰਸ ਪੌਜ਼ਿਟਿਵ ਹੈ।

ਇਥੇਂ ਇਹ ਵੀ ਦੱਸਣਾ ਬਣਦਾ ਹੈ ਕਿ ਭਾਈ ਨਿਰਮਲ ਸਿੰਘ ਇੰਗਲੈਂਡ ਤੋਂ ਵਾਪਿਸ ਪਰਤ ਕੇ ਚੰਡੀਗੜ੍ਹ ਤੇ ਦਿੱਲੀ ਵੀ ਸਮਾਗਮ ਵਿੱਚ ਗਏ ਸੀ ਜਿਥੇ ਉਨ੍ਹਾਂ ਸਮਾਗਮਾ 'ਚ ਹਜ਼ਾਰਾਂ ਲੋਕ ਸ਼ਾਮਲ ਹੋਏ ਸੀ। ਖਾਲਸਾ ਦੇ ਪਰਿਵਾਰ ਦੇ 5 ਮੈਂਬਰ ਅਤੇ 2 ਰਾਗੀ ਸਾਥੀ ਵੀ ਆਈਸੋਲੇਸ਼ਨ ਵਾਰਡ ਵਿਚ ਦਾਖਲ ਹਨ।ਇਸ ਕਾਰਨ ਸੂਬੇ 'ਚ ਦਹਿਸ਼ਤ ਫੈਲ ਗਈ ਹੈ। ਭਾਈ ਨਿਰਮਲ ਸਿੰਘ ਦੀ ਮਜੂਦਾ ਰਿਹਾਇਸ਼ ਸੁਤਲਾਨ ਵਿੰਡ ਰੋਡ ਨਾਲ ਲੱਗਦੇ ਇਲਾਕਾ ਤੇਜ਼ ਨਗਰ ਵਿਖੇ ਹੈ ਜਿੱਥੇ ਪ੍ਰਸ਼ਾਸਨ ਵੱਲੋਂ ਇਲਾਕੇ ਨੂੰ ਜਾਂਦੇ ਸਾਰੇ ਰਸਤੇ ਬੰਦ ਸੀਲ ਕਰ ਦਿੱਤੇ ਹਨ।

ਭਾਈ ਨਿਰਮਲ ਸਿੰਘ ਜੀ ਦੀ ਮੌਤ ਨੂੰ ਕਰੋਨਾ ਵਾਈਰਸ ਨਾਲ ਹੋਣ ਬਾਰੇ ਸ਼ੱਕ ਜਾਹਿਰ

ਇਥੇ ਹੁਣ ਆਪ ਜੀ ਨਾਲ ਇਹ ਗੱਲ ਵੀ ਸਾਂਝੀ ਕਰਨੀ ਬਣਦੀ ਹੈ ਕਿ ਭਾਈ ਨਿਰਮਲ ਸਿੰਘ ਜੀ ਦੀ 'ਮਹਿਕ ਵਤਨ ਦੀ ਲਾਈਵ' ਰੋਜਾਨਾ ਆਨਲਾਈਨ ਅਖਬਾਰ ਵਿੱਚ ਵੱਲੋਂ ਲੱਗੀ ਖਬਰ ਤੋਂ ਬਾਅਦ ਕੁੱਝ ਸਿੰਘਾ ਦੇ ਫੋਨ ਆਏ ਸਨ ਜਿਸ ਵਿੱਚ ਉਨ੍ਹਾ ਨੇ ਕਿਹਾ ਹੈ ਕਿ ਭਾਈ ਸਾਹਿਬ ਨੂੰ ਕਰੋਨਾ ਵਾਈਰਸ ਨਹੀਂ ਸੀ ਅਤੇ ਉਹ ਹਾਰਟ ਦੇ ਮਰੀਜ ਸਨ।

ਇਸ ਸਬੰਧ ਵਿੱਚ ਇੱਕ ਭਾਈ ਸਾਹਿਬ ਵੱਲੋਂ ਸਾਨੂੰ ਚੜਦੀ ਕਲਾ ਅਖਬਾਰ ਦੀ ਇਕ ਖਬਰ ਦੀ ਪੋਸਟ ਭੇਜੀ ਗਈ ਹੈ ਜਿਸ ਅਨੁਸਾਰ ਡਾਕਟਰ ਰਮਨ ਸ਼ਰਮਾ ਅਤੇ ਉਨ੍ਹਾ ਦੀ ਟੀਮ ਨੇ ਡੂੰਘਾਈ ਨਾਲ ਜਾਚ ਕੀਤੀ ਅਤੇ ਇਹ ਦੱਸਿਆ ਕਿ ਭਾਈ ਸਾਹਿਬ ਨੂੰ ਕਰੋਨਾ ਵਾਈਰਸ ਦੇ ਲੱਛਣ ਨਹੀਂ ਹਨ ਸਗੋਂ ਉਨ੍ਹਾ ਦੀ ਛਾਤੀ ਵਿੱਚ ਬਲਗਮ ਹੋਣ ਕਾਰਨ ਕਾਫੀ ਜਿਆਦਾ ਖਾਂਸੀ ਆ ਰਹੀ ਹੈ ਅਤੇ ਸਾਹ ਲੈਣ ਵਿੱਚ ਮੁਸਕਿਲ ਆ ਰਹੀ ਹੈ।

ਸੋ ਭਾਈ ਸਾਹਿਬ ਦੇ ਗੁਰੂ ਚਰਨਾਂ ਵਿਚ ਜਾ ਬਿਰਾਜਣ ਦਾ ਅਸਲੀ ਕਾਰਨ ਕੀ ਹੈ? ਇਹ ਅਜੇ ਭਵਿੱਖ ਦੇ ਗਰਭ ਵਿੱਚ ਹੈ। ਪੂਰੀ ਜਾਣਕਾਰੀ ਮਿਲਣ ਤੇ ਆਪ ਜੀ ਨਾਲ ਸਾਂਝੀ ਕਰਾਗੇ। ਭਾਈ ਨਿਰਮਲ ਸਿੰਘ ਜੀ ਦੇ ਪ੍ਰਲੋਕ ਗਮਨ ਕਰ ਜਾਣ ਤੇ ਅਦਾਰਾ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ।

ਤਰਨ ਤਾਰਨ ਵਿਖੇ ਬਾਬਾ ਜੀਵਨ ਸਿੰਘ ਜੀ ਦੇ ਡੇਰੇ ਵਿੱਚ ਕਰੀਬ ਡੇਢ ਕਰੋੜ ਦੀ ਲੁੱਟ

ਤਰਨ ਤਾਰਨ/ ਜਗਜੀਤ ਸਿੰਘ ਡੱਲ, ਹਰਮੀਤ ਸਿੰਘ ਭੁੱਲਰ

ਤਾਰਨ ਵਿਖੇ ਸਥਿਤ ਬਾਬਾ ਜੀਵਨ ਸਿੰਘ ਜੀ ਡੇਰੇ, ਜਿਸ ਨੂੰ ਬਾਬਾ ਜਗਤਾਰ ਸਿੰਘ ਜੀ ਚਲਾ ਰਹੇ ਹਨ, ਵਿਖੇ ਬੀਤੀ ਰਾਤ ਅਣਪਛਾਤੇ ਲੁਟੇਰੇ ਦਾਖਲ ਹੋ ਗਏ। ਲੁਟੇਰਿਆਂ ਨੇ ਡੇਰੇ ਦੇ ਖਜਾਨਚੀ ਬਾਬਾ ਮਹਿੰਦਰ ਸਿੰਘ ਅਤੇ ਇਕ ਸੇਵਾਦਾਰ ਨੂੰ ਬੰਧਕ ਬਣਾਉਂਦੇ ਹੋਏ ਪਹਿਲਾਂ ਉਨ੍ਹਾਂ ਦੀ ਕੁਟਮਾਰ ਕੀਤੀ ਅਤੇ ਬਾਅਦ 'ਚ ਕਰੀਬ ਡੇਢ ਕਰੋੜ ਰੁਪਏ ਦੀ ਰਾਸ਼ੀ ਲੈ ਫਰਾਰ ਹੋ ਗਏ।

ਸੂਚਨਾ ਮਿਲਣ 'ਤੇ ਮੌਕੇ 'ਤੇ ਪੁਲਸ ਵੀ ਪਹੁੰਚ ਗਈ। ਇਹ ਸਾਰੀ ਘਟਨਾ ਡੇਰੇ ਅੰਦਰ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ 'ਚ ਕੈਦ ਹੋ ਗਈ ਹੈ, ਜਿਸ ਨੂੰ ਕਬਜ਼ੇ 'ਚ ਲੈ ਪੁਲਸ ਵਲੋਂ ਲੁਟੇਰਿਆਂ ਦੀ ਭਾਲ ਕੀਤੀ ਜਾ ਰਹੀ ਹੈ। ਲੁੱਟ ਦੀ ਘਟਨਾਂ ਸਬੰਧੀ ਡੇਰੇ ਨਾਲ ਸਬੰਧਤ ਕੁਝ ਵਿਅਕਤੀਆਂ ਕੋਲੋਂ ਵੀ ਪੁਲਸ ਵਲੋਂ ਪੁੱਛਗਿੱਛ ਕੀਤੀ ਗਈ, ਜਿਸ ਮਗਰੋਂ ਪੁਲਸ ਨੇ ਅਣਪਛਾਤੇ ਲੁਟੇਰਿਆਂ ਖਿਲਾਫ ਮਾਮਲਾ ਦਰਜ ਕਰ ਦਿੱਤਾ।

ਘਟਨਾ ਦੌਰਾਨ ਜ਼ਖਮੀ ਹੋਏ ਬਾਬਾ ਮਹਿੰਦਰ ਸਿੰਘ ਨੂੰ ਗੁਰੂ ਨਾਨਕ ਦੇਵ ਮਲਟੀ ਸਪੈਸ਼ਲਿਟੀ ਹਸਪਤਾਲ ਤਰਨਤਾਰਨ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ। ਜ਼ਿਕਰਯੋਗ ਹੈ ਕਿ ਦੇਸ਼-ਵਿਦੇਸ਼ 'ਚ ਧਾਰਮਿਕ ਗੁਰਧਾਮਾਂ ਦੀ ਇਸ ਸੰਪਰਦਾਏ ਵਲੋਂ ਕਾਰ ਸੇਵਾ ਕਰਵਾਈ ਜਾਂਦੀ ਹੈ। ਸ੍ਰੀ ਦਰਬਾਰ ਸਾਹਿਬ ਤਰਨਤਾਰਨ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਸੋਨੇ ਅਤੇ ਨਿਕਾਸੀ ਦੀ ਕਾਰ ਸੇਵਾ ਵੀ ਬਾਬਾ ਜਗਤਾਰ ਸਿੰਘ ਕਾਰ ਸੇਵਾ ਵਲੋਂ ਹੀ ਕਰਵਾਈ ਗਈ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਪ੍ਰਕਾਸ਼ ਪੁਰਬ ਨੂੰ ਲੈ ਕੇ ਪਾਕਿ 'ਚ ਸਥਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਲਈ ਸੋਨੇ ਦੀ ਸੁੰਦਰ ਪਾਲਕੀ ਸਾਹਿਬ ਵੀ ਇਸ ਸੰਪਰਦਾ ਵਲੋਂ ਤਿਆਰ ਕਰਕੇ ਭੇਜੀ ਗਈ ਸੀ।

ਵਿਸ਼ੇਸ ਨੋਟ:

'ਮਹਿਕ ਵਤਨ ਦੀ ਲਾਈਵ' ਵੱਲੋਂ ਲਾਈਆ ਜਾਂ ਰਹੀਆਂ ਖਬਰਾ ਸਰਕਾਰ ਦੁਆਰਾ ਭੇਜੇ ਗਏ ਪ੍ਰੈਸ ਨੋਟ ਅਤੇ ਇਟਰਨੈੱਟ ਤੋਂ ਲਈ ਗਈ ਜਾਣਕਾਰੀ ਅਨੁਸ਼ਾਰ ਹਨ ਕਿਉਂਕਿ ਸਾਡੇ ਫੀਲਡ ਪੱਤਰਕਾਰ ਕਰਫਿਉ ਕਾਰਨ ਆਪਣੀਆਂ ਸੇਵਾਵਾ ਦੇਣ ਤੋਂ ਅਸਮਰਥ ਹਨ। ਇਸ ਲਈ ਕਿਸੇ ਵੀ ਖਬਰ ਦੀ ਪੂਰਨ ਰੂਪ ਵਿੱਚ ਸਚਾਈ ਨਾ ਹੋਣ ਤੇ ਅਦਾਰਾ 'ਮਹਿਕ ਵਤਨ ਦੀ ਲਾਈਵ' ਜੁੰਮੇਵਾਰ ਨਹੀਂ ਹੋਵੇਗਾ।

– ਮੁੱਖ ਸੰਪਾਦਕ